
# ਆਟੋਸੋਮਲ ਪ੍ਰਭਾਵਿਤ ਪੌਲੀਸਿਸਟਿਕ ਗੁਰਦਿਆਂ ਦੀ ਬਿਮਾਰੀ (ਏ.ਡੀ.ਪੀ.ਕੇ.ਡੀ.) ਲਈ ਸਕ੍ਰੀਨਿੰਗ ਅਤੇ ਟੈੱਸਟਿੰਗ

Screening and Testing for Autosomal Dominant Polycystic Kidney Disease (ADPKD)

BCRenal
Provincial Health Services Authority

ਏ.ਡੀ.ਪੀ.ਕੇ.ਡੀ. ਇੱਕ ਜਣਨ ਸਬੰਧੀ ਵਿਕਾਰ ਹੈ ਜੋ ਸਾਰੇ ਪਰਵਾਰ ਨੂੰ ਅਸਰ ਕਰ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਇਹ ਮਾਪਿਆਂ ਤੋਂ ਬੱਚਿਆਂ ਵਿਚ ਜਾ ਸਕਦਾ ਹੈ। ਕੁੱਝ ਹਾਲਤਾਂ ਵਿਚ ਇਹ ਬਿਮਾਰੀ ਅਚਾਨਕ ਹੀ ਕਿਸੇ ਵਿਅਕਤੀ ਨੂੰ ਹੋ ਸਕਦੀ ਹੈ ਜਿਸ ਦੇ ਪਰਵਾਰ ਵਿਚ ਇਸ ਬਿਮਾਰੀ ਦੀ ਕੋਈ ਪਿਛੋਕੜ ਨਹੀਂ।



ਏ.ਡੀ.ਪੀ.ਕੇ.ਡੀ. ਬਿਮਾਰੀ ਆਮ ਤੌਰ ਤੇ ਏ.ਡੀ.ਪੀ.ਕੇ.ਡੀ. ਨਾਲ ਸਬੰਧਿਤ ਖ਼ਾਸ ਜੀਨਾਂ (genes) ਜਿਨ੍ਹਾਂ ਵਿਚ ਦੋ ਆਮ ਪੀ.ਕੇ.ਡੀ.1 ਅਤੇ ਪੀ.ਕੇ.ਡੀ.2 ਹਨ ਵਿਚ ਤਬਦੀਲੀਆਂ ਕਾਰਨ ਹੁੰਦੀ ਹੈ ਅਤੇ ਹੋਰ ਜੀਨਾਂ ਕਾਰਨ ਬਹੁਤ ਘੱਟ ਹੁੰਦੀ ਹੈ। ਏ.ਡੀ.ਪੀ.ਕੇ.ਡੀ. ਵਾਲੇ ਕਈ ਲੋਕਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਕਿਸ ਜੀਨ ਕਰ ਕੇ ਇਹ ਬਿਮਾਰੀ ਹੋਈ ਹੈ। ਇਸ ਸਰੋਤ ਵਿਚ ਦਿੱਤੀ ਜਾਣਕਾਰੀ ਸਾਰੇ ਮਾਮਲਿਆਂ ਵਿਚ ਲਾਗੂ ਹੁੰਦੀ ਹੈ ਭਾਵੇਂ ਕਿਸੇ ਵੀ ਜੀਨ ਨੇ ਤੁਹਾਨੂੰ ਅਤੇ/ ਜਾਂ ਤੁਹਾਡੇ ਪਰਵਾਰ ਨੂੰ ਏ.ਡੀ.ਪੀ.ਕੇ.ਡੀ. ਬਿਮਾਰੀ ਲਗਾਈ ਹੈ।

ਏ.ਡੀ.ਪੀ.ਕੇ.ਡੀ. ਵਾਲੇ ਹਰ ਇੱਕ ਵਿਅਕਤੀ ਵਿਚ ਕੋਈ ਖਾਸ ਲੱਛਣ ਨਜ਼ਰ ਨਹੀਂ ਆਉਂਦੇ। ਪਰ ਕਿਉਂਕਿ ਇਹ ਹਾਲਤ ਵਿਰਾਸਤ ਵਿਚ ਮਿਲਦੀ ਹੈ ਅਤੇ ਪਰਵਾਰਕ ਮੈਂਬਰਾਂ ਤੇ ਅਸਰ ਕਰ ਸਕਦੀ ਹੈ ਇਸ ਲਈ ਪਰਵਾਰ ਦੀ ਸਕ੍ਰੀਨਿੰਗ ਅਤੇ ਟੈੱਸਟਿੰਗ ਲਈ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਵਿਚਾਰ ਕਰ ਲੈਣਾ ਬੜਾ ਜ਼ਰੂਰੀ ਹੈ। ਇਹ ਸਰੋਤ ਕਿਤਾਬਚਾ ਤੁਹਾਨੂੰ ਸੋਚਿਆ ਵਿਚਾਰਿਆ ਫੈਸਲਾ ਕਰਨ ਵਿਚ ਮਦਦ ਕਰੇਗਾ ਕਿ ਏ.ਡੀ.ਪੀ.ਕੇ.ਡੀ. ਦੇ ਟੈੱਸਟ ਲਈ ਅੱਗੇ ਵਧਣਾ ਹੈ ਕਿ ਨਹੀਂ।


## ਵਿਰਾਸਤ ਵਿਚ ਏ.ਡੀ.ਪੀ.ਕੇ.ਡੀ. ਕਿਵੇਂ ਮਿਲਦਾ ਹੈ?

ਮਾਪਿਆਂ ਵਿਚ ਇੱਕ ਸਵਾਲ ਆਮ ਹੁੰਦਾ ਹੈ ਕਿ ਕੀ ਸਾਡੇ ਬੱਚਿਆਂ ਵਿਚ ਵੀ ਏ.ਡੀ.ਪੀ.ਕ.ਡੀ. ਵਿਕਸਤ ਹੋਵੇਗਾ। ਹਰ ਇੱਕ ਬੱਚਾ ਜਿਸ ਦੇ ਮਾਂ/ਪਿਓ ਵਿਚੋਂ ਇੱਕ ਨੂੰ ਏ.ਡੀ.ਪੀ.ਕ.ਡੀ. ਹੈ ਉਸ ਬੱਚੇ ਵਿਚ ਇਹ ਹਾਲਤ ਪੈਦਾ ਹੋਣ ਦੇ 50% ਚਾਂਸ ਹਨ। ਜੇ ਬੱਚੇ ਨੂੰ ਏ.ਡੀ.ਪੀ.ਕ.ਡੀ. ਵਿਰਾਸਤ ਵਿਚ ਮਿਲਿਆ ਤਾਂ ਉਸ ਵੱਲੋਂ ਆਪਣੇ ਬੱਚਿਆਂ ਵਿਚ ਇਹ ਬਿਮਾਰੀ ਵਿਰਾਸਤ ਵਿਚ ਦੇਣ ਦੇ 50% ਚਾਂਸ ਹੈ।

Provincial Health Services Authority · BC Children's Hospital · fraserhealth · Interior Health · island health · northern health · Providence Health Care · Vancouver Coastal Health

ਖ਼ਾਸ ਤੌਰ ਤੇ ਏ.ਡੀ.ਪੀ.ਕੇ.ਡੀ. ਵਾਸਤੇ ਇਹ ਸੰਭਵ ਨਹੀਂ ਕਿ ਉਹ "ਇੱਕ ਪੀੜ੍ਹੀ ਵਿਚੋਂ ਛੱਡ ਜਾਏ"। ਜੇ ਤੁਹਾਡੇ ਬੱਚੇ ਨੂੰ ਏ.ਡੀ.ਪੀ.ਕੇ.ਡੀ. ਨਹੀਂ ਤਾਂ ਉਹ ਆਪਣੇ ਬੱਚਿਆਂ ਨੂੰ ਨਹੀਂ ਦੇ ਸਕਦਾ। ਇਸ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਵਿਚ ਏ.ਡੀ.ਪੀ.ਕੇ.ਡੀ. ਹੋਵੇਗਾ ਤਾਂ ਹੀ ਉਸਦੇ ਬੱਚਿਆਂ ਵਿਚ ਬਿਮਾਰੀ ਵਿਕਸਤ ਹੋਣ ਲਈ ਦੇ 50% ਚਾਂਸ ਹੋਣਗੇ।

ਜੇ ਤੁਹਾਡੇ ਵਿਚ ਏ.ਡੀ.ਪੀ.ਕੇ.ਡੀ. ਦੀ ਪੁਸ਼ਟੀ ਹੋਈ ਹੈ ਤਾਂ ਇਸਤੋਂ ਪਹਿਲਾਂ ਕਿ ਤੁਸੀਂ ਬੱਚੇ ਪੈਦਾ ਕਰੋ ਜਾਂ ਹੋਰ ਬੱਚੇ ਪੈਦਾ ਕਰੋ ਤੁਸੀਂ ਜੈਨੇਟਿਕ ਕੌਂਸਲਰ ਨਾਲ ਗੱਲ ਬਾਤ ਕਰ ਸਕਦੇ ਹੋ। ਇੱਕ ਜੈਨੇਟਿਕ ਕੌਂਸਲਰ ਤੁਹਾਨੂੰ ਫੈਸਲਾ ਕਰਨ ਅਤੇ ਪਰਵਾਰ ਨਿਯੋਜਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ।





## ਪਰਵਾਰਕ ਸਕ੍ਰੀਨਿੰਗ ਅਤੇ ਟੈੱਸਟਿੰਗ ਕੀ ਹੈ?

ਜੇ ਪਰਵਾਰ ਵਿਚ ਇੱਕ ਵਿਅਕਤੀ ਨੂੰ ਏ.ਡੀ.ਪੀ.ਕੇ.ਡੀ. ਹੈ ਤਾਂ ਇਸ ਦਾ ਮਤਲਬ ਹੈ ਕਿ ਪਰਵਾਰ ਦੇ ਹੋਰ ਮੈਂਬਰਾਂ ਵਿਚ ਵੀ ਏ.ਡੀ.ਪੀ.ਕੇ.ਡੀ. ਹੋ ਸਕਦਾ ਹੈ, ਪਰਵਾਰ ਦੇ ਹੋਰ ਮੈਂਬਰਾਂ ਵਿਚੋਂ ਪਤਾ ਕਰਨਾ ਕਿ ਉਨ੍ਹਾਂ ਤੇ ਅਸਰ ਹੋਇਆ ਹੈ ਕਿ ਨਹੀਂ ਵਾਲੀ ਪਰਕਿਰਿਆਂ ਨੂੰ ਸਕਰੀਨਿੰਗ ਕਹਿੰਦੇ ਹਨ। ਕਈ ਮਾਮਲਿਆਂ ਵਿਚ ਏ.ਡੀ.ਪੀ.ਕੇ.ਡੀ. ਵਾਲੇ ਕਈ ਵਿਅਕਤੀਆਂ ਵਿਚ ਇਸ ਦੇ ਕੋਈ ਲੱਛਣ ਨਹੀਂ ਹੁੰਦੇ, ਇਸ ਲਈ ਇਹ ਪਤਾ ਕਰਨਾ ਕਿ ਉਨ੍ਹਾਂ ਨੂੰ ਖ਼ਤਰਾ ਹੈ ਕਿ ਨਹੀਂ ਦਾ ਇੱਕੋ ਇੱਕ ਤਰੀਕਾ ਹੈ ਜਦੋਂ ਪਰਵਾਰ ਦੇ ਹੋਰ ਮੈਬਰਾਂ ਦਾ ਟੈੱਸਟ ਹੁੰਦਾ ਹੈ ਅਤੇ ਏ.ਡੀ.ਪੀ.ਕੇ.ਡੀ. ਦੀ ਪੁਸ਼ਟੀ ਹੁੰਦੀ ਹੈ।

ਸਕ੍ਰੀਨਿੰਗ ਸ਼ੁਰੂ ਕਰਨ ਦਾ ਵਧੀਆ ਤਰੀਕਾ ਆਪਣੇ ਨਜ਼ਦੀਕੀ ਪਰਵਾਰਕ ਮੈਂਬਰਾਂ (ਜਿਵੇਂ ਕਿ ਮਾਪੇ, ਭੈਣ ਭਰਾ ਅਤੇ ਬੱਚੇ) ਨਾਲ ਗੱਲ ਬਾਤ ਕਰੋ, ਜੋ ਟੈਸਟਿੰਗ ਲਈ ਆਪਣੇ ਆਪਣੇ ਡਾਕਟਰ ਨਾਲ ਸਲਾਹ ਕਰ ਸਕਦੇ ਹਨ। ਜੇ ਨਜ਼ਦੀਕੀ ਪਰਵਾਰਕ ਮੈਂਬਰਾਂ ਵਿਚ ਇਸ ਬਿਮਾਰੀ ਦੀ ਪੁਸ਼ਟੀ ਹੁੰਦੀ ਹੈ ਤਾਂ (ਚਚੇਰੇ ਭਾਈ ਭੈਣ, ਮਾਮੀਆਂ ਮਾਸੀਆਂ, ਚਾਚੇ ਤਾਏ) ਦੀ ਟੈੱਸਟਿੰਗ ਦੀ ਜ਼ਰੂਰਤ ਹੋ ਸਕਦੀ ਹੈ ਪਰ ਇਸ ਬਾਰੇ ਤੁਹਾਡਾ ਡਾਕਟਰ ਹੀ ਮਦਦ ਕਰ ਸਕਦਾ ਹੈ ਕਿ ਕਿਸ ਕਿਸ ਦੀ ਸਕ੍ਰੀਨਿੰਗ ਹੋਣੀ ਚਾਹੀਦੀ ਹੈ।

## ਇਹ ਟੈੱਸਟ ਕਿਵੇਂ ਕੀਤਾ ਜਾਂਦਾ ਹੈ?



ਆਮ ਤੌਰ ਤੇ ਗੁਰਦਿਆਂ ਦਾ ਅਲਟ੍ਰਾਸਾਊਂਡ ਟੈੱਸਟ ਕੀਤਾ ਜਾਂਦਾ ਹੈ। ਇਹ ਬਿਲਕੁਲ ਸਾਦਾ ਚੀਰ ਫਾੜ ਰਹਿਤ ਟੈੱਸਟ ਹੈ ਜਿਸ ਰਾਹੀਂ ਗੁਰਦੇ ਦੇ ਆਕਾਰ ਨੂੰ ਦੇਖਿਆ ਜਾਂਦਾ ਹੈ ਜਿੱਥੇ ਏ.ਡੀ.ਪੀ.ਕੇ.ਡੀ. ਦੇ ਫ਼ੀਚਰਾਂ ਦੀ ਪਹਿਚਾਣ ਕੀਤੀ ਜਾਂਦੀ ਹੈ। ਇਹ ਗਰਭਵਤੀ ਦੇ ਅਲਟ੍ਰਾਸਾਊਂਡ ਵਰਗਾ ਬੜਾ ਸੁਰੱਖਿਅਤ ਅਤੇ ਆਸਾਨ ਟੈੱਸਟ ਹੈ। ਤੁਹਾਡਾ ਪਰਵਾਰਕ ਡਾਕਟਰ ਅਲਟ੍ਰਾਸਾਊਂਡ ਲਈ ਆਰਡਰ ਕਰ ਸਕਦਾ ਹੈ।

ਦੂਜਾ ਵਿਕਲਪ ਜੈਨੇਟਿਕ ਟੈਸਟਿੰਗ ਹੈ। ਜੈਨੇਟਿਕ ਟੈੱਸਟ ਇਹ ਪਤਾ ਕਰਨ ਲਈ ਕੀਤਾ ਜਾਂਦਾਂ ਹੈ ਕਿ ਕੀ ਵਿਅਕਤੀ ਵਿਚ ਕੋਈ ਐਸੇ ਬਦਲੇ (ਪਰਵਰਤਿਤ) ਹੋਏ ਜੀਨ ਹਨ ਜਿਨ੍ਹਾਂ ਕਾਰਨ ਏ.ਡੀ.ਪੀ.ਕੇ.ਡੀ. ਹੋ ਸਕਦਾ ਹੈ ਅਤੇ ਐਸੇ ਬਦਲੇ ਹੋਏ ਜੀਨ ਕਿਹੜੇ ਹਨ।

ਹਾਲਾਂਕਿ ਏ.ਡੀ.ਪੀ.ਕੇ.ਡੀ. ਇੱਕ ਜੈਨੇਟਿਕ ਬਿਮਾਰੀ ਹੈ, ਪਰ ਏ.ਡੀ.ਪੀ.ਕੇ.ਡੀ. ਵਾਲੇ ਹਰ ਇੱਕ ਵਿਅਤੀ ਨੂੰ ਗੁਰਦਿਆਂ ਦੀ ਦੇਖਭਾਲ ਲਈ ਜੈਨੇਟਿਕ ਟੈੱਸਟਿੰਗ ਦੀ ਲੋੜ ਨਹੀਂ। ਅਸਲ ਵਿਚ ਜ਼ਿਆਦਾਤਰ ਲੋਕ ਜੈਨੇਟਿਕ ਟੈਸ਼ਟ ਕਰਵਾਉਂਦੇ ਹੀ ਨਹੀਂ ਕਿਉਂਕਿ ਇਸ ਨਾਲ ਤੁਹਾਡੇ ਗੁਰਦਿਆਂ ਦੀ ਦੇਖਭਾਲ ਵਿਚ ਕੋਈ ਫਰਕ ਨਹੀਂ ਪੈਂਦਾ। ਜੇ ਕਰ ਇਮੇਜਿੰਗ ਤੋਂ ਬਾਅਦ ਨਤੀਜਾ ਸਾਫ਼ ਨਾ ਹੋਵੇ ਤਾਂ ਜੈਨੇਟਿਕ ਟੈੱਸਟ ਮਦਦਗਾਰ ਹੋ ਸਕਦਾ ਹੈ । ਤੁਹਾਡਾ ਗੁਰਦਿਆਂ ਦਾ ਵਿਸ਼ੇਸ਼ੱਗ ਤੁਹਾਡੀ ਮਦਦ ਕਰ ਸਕਦਾ ਹੈ ਕਿ ਜੈਨੇਟਿਕ ਟੈੱਸਟਿੰਗ ਦੀ ਲੋੜ ਹੈ ਕਿ ਨਹੀਂ।

ਜੇ ਜੈਨੇਟਿਕ ਟੈੱਸਟ ਕਰਵਾਉਣਾ ਹੈ, ਤਾਂ ਇਸ ਲਈ ਸੈੱਲਾਂ (ਇਸ ਲਈ ਡੀ.ਐੱਨ.ਏ.) ਵਾਲੇ ਨਮੂਨੇ ਨੂੰ ਇਕੱਠਾ ਕਰਨ ਦੀ ਲੋੜ ਹੋਵੇਗੀ। ਇਹ ਆਮ ਤੌਰ ਤੇ ਖ਼ੂਨ ਦੇ ਟੈੱਸਟ ਵਾਂਗ ਕੀਤਾ ਜਾਂਦਾ ਹੈ। ਅਣਜੰਮੇ ਬੱਚੇ ਦਾ ਜੈਨੇਟਿਕ ਟੈੱਸਟ ਵੀ ਕੀਤਾ ਜਾ ਸਕਦਾ ਹੈ ਇਸ ਹਾਲਤ ਵਿਚ ਪਲੇਸੈਂਟਾ/ਜੇਰ ਜਾਂ ਐਮੀਨੋ ਤਰਲ ਦੇ ਨਮੂਨੇ ਦੇ ਸੈੱਲਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।

ਬ੍ਰਿਟਿਸ਼ ਕੋਲੰਬੀਆ ਵਿਚ, ਖ਼ਾਸ ਮਾਪਦੰਡ ਹਨ ਜਿਨ੍ਹਾਂ ਅਨੁਸਾਰ ਜੈਨੇਟਿਕ ਟੈੱਸਟ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ ਐੱਮ.ਐੱਸ.ਪੀ. ਵੱਲੋਂ ਕਵਰ ਕੀਤਾ ਜਾਂਦਾ ਹੈ। ਪਰ ਹੋਰ ਸੂਬਿਆਂ ਵਿਚ ਜੈਨੇਟਿਕ ਟੈੱਸਟ ਦੀ ਉਪਲਭਤਾ ਅਤੇ ਕੀਮਤ ਫ਼ਰਕ ਹੋ ਸਕਦੀ ਹੈ। ਟੈੱਸਟ ਕਿਵੇਂ ਕਰਵਾਉਨ ਹੈ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਤੁਸੀਂ ਪੀ.ਕੇ.ਡੀ. ਫ਼ਾਊਂਡੇਸ਼ਨ ਦੀ ਇਹ ਵੈੱਬਸਾਈਟ ਦੇਖੋ: EndPKD.ca।



## ਛੋਟੇ ਬੱਚਿਆਂ ਅਤੇ ਕਿਸ਼ੋਰਾਂ ਦੇ ਟੈੱਸਟ ਲਈ ਗੰਭੀਰ ਸੋਚ ਵਿਚਾਰ

ਬੱਚਿਆਂ ਦੀ ਸਕ੍ਰੀਨਿੰਗ ਲਈ ਕੁੱਝ ਵਿਸ਼ੇਸ਼ ਗੱਲਾਂ ਧਿਆਨਯੋਗ ਹਨ:

- ਬੱਚਿਆਂ, ਕਿਸ਼ੋਰਾਂ ਅਤੇ ਯੰਗ ਬਾਲਗਾਂ ਵਿਚ ਅਲਟ੍ਰਾਸਾਊਂਡ ਦਾ ਨੈਗੇਟਿਵ ਟੈੱਸਟ ਏ.ਡੀ.ਪੀ.ਕੇ.ਡੀ. ਦੀ ਸੰਭਾਵਨਾ ਨੂੰ ਰੱਦ ਨਹੀਂ ਕਰ ਸਕਦਾ। ਦੂਜੇ ਸ਼ਬਦਾਂ ਵਿਚ ਟੈੱਸਟ 100% ਨਿਰਣਾਇਕ ਨਹੀਂ ਕਿਉਂਕਿ ਇਸ ਉਮਰ ਵਿਚ ਸਿਸਟ ਬਹੁਤ ਛੋਟੇ ਹੋਣ ਕਾਰਨ ਅਲਟ੍ਰਾਸਾਊਂਡ ਟੈੱਸਟ ਦੀ ਪਕੜ ਵਿਚ ਨਹੀਂ ਆਉਂਦੇ।

- ਕਈ ਹਾਲਤਾਂ ਵਿਚ ਅਲਟ੍ਰਾਸਾਊਂਡ ਜਾਂ ਛੋਟੇ ਬੱਚਿਆਂ ਵਿਚ ਜੈਨੇਟਿਕ ਟੈੱਸਟ ਦਾ ਪਾਜ਼ਿਟਵ ਨਤੀਜਾ ਕਿਸੇ ਮੈਡੀਕਲ ਪਰਬੰਧ ਨੂੰ ਬਦਲਨ ਦਾ ਕਾਰਨ ਨਹੀਂ ਬਣ ਸਕਦਾ।

ਬੱਚਿਆਂ ਦੀ ਸਕ੍ਰੀਨਿੰਗ ਲਈ ਇੱਕ ਆਮ ਤਰੀਕਾ ਹੇਠਾਂ ਦੱਸਿਆਂ ਜਾਂਦਾ ਹੈ, ਪਰ ਕਿਰਪਾ ਕਰ ਕੇ ਇਹ ਨੋਟ ਕਰੋ ਕਿ ਇਹ ਆਮ ਤਰੀਕਾ ਹੈ ਪਰ ਤੁਸੀਂ ਆਪਣੀ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਵਿਚਾਰ ਵਿਮਰਸ਼ ਕਰੋ ਕਿ ਇਹ ਤੁਹਾਨੂੰ ਅਤੇ ਤੁਹਾਡੇ ਪਰਵਾਰ ਤੇ ਕਿਵੇਂ ਲਾਗੂ ਹੁੰਦਾ ਹੈ।

- ਜਦੋਂ ਬੱਚਾ 5 ਸਾਲਾਂ ਦਾ ਜਾਂ ਇਸ ਤੋਂ ਵੱਡਾ ਹੋ ਜਾਂਦਾ ਹੈ, ਤਾਂ ਰੁਟੀਨ ਚੈੱਕਅਪ ਦੌਰਾਨ ਉਸਦਾ ਬਲੱਡਪ੍ਰੈਸ਼ਰ ਚੈੱਕ ਕਰਨਾ ਸ਼ੁਰੂ ਹੋ ਜਾਂਦਾ ਹੈ। ਇਹ ਬਹੁੱਤ ਅਸਾਧਾਰਨ ਹੈ ਕਿ ਇਸ ਉਮਰ ਵਿਚ ਏ.ਡੀ.ਪੀ.ਕੇ.ਡੀ. ਕਾਰਨ ਬਲੱਡ ਪ੍ਰੈਸ਼ਰ ਉੱਚਾ ਹੋਵੇ,

ਪਰ ਬਲੱਡ ਪ੍ਰੈਸ਼ਰ ਦੀ ਨਿਗਰਾਨੀ ਕਰਨਾ ਅਤੇ ਬਲੱਡ ਪ੍ਰੈਸ਼ਰ ਦਾ ਲੈਵਲ ਨਾਰਮਲ ਬਣਾਈ ਰੱਖਣਾ ਯਕੀਨੀ ਬਣਾਇਆ ਜਾਏ ਇਹ ਬਹੁੱਤ ਮਹੱਤਵਪੂਰਨ ਹੈ।

- ਜੇ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਉੱਚਾ ਹੈ ਜਾਂ ਉਨ੍ਹਾਂ ਵਿਚ ਇੱਕ ਪਾਸੇ ਜਾਂ ਕਮਰ ਵਿਚ ਕਾਫੀ ਦਰਦ ਹੈ ਤਾਂ ਇਸ ਸਮੇਂ ਉਨ੍ਹਾਂ ਦੀ ਟੈੱਸਟਿੰਗ ਹੋਣੀ ਚਾਹੀਦੀ ਹੈ।
- ਜੇ ਉਨ੍ਹਾਂ ਦਾ ਬਲੱਡ ਪ੍ਰੈਸ਼ਟ ਨਾਰਮਲ ਰਹਿੰਦਾ ਹੈ ਅਤੇ ਉਨ੍ਹਾਂ ਵਿਚ ਕੋਈ ਲੱਛਣ ਵੀ ਨਜ਼ਰ ਆਉਂਦੇ ਤਾਂ ਟੈੱਸਟਿੰਗ ਕਿਸ਼ੋਰ ਉਮਰ ਜਾਂ ਦੂਜੇ ਦਹਾਕੇ ਦੇ ਪਹਿਲੇ ਸਾਲਾਂ ਤੱਕ ਮੁਲਤਵੀ ਕੀਤੀ ਜਾ ਸਕਦੀ ਹੈ, ਜਦੋਂ ਉਹ ਨੌਜਵਾਨ ਬਾਲਗ ਵਾਂਗ ਫੈਸਲਾ ਕਰ ਸਕਦੇ ਹਨ ਕਿ ਟੈੱਸਟ ਕਰਵਾਉਣਾ ਹੈ ਕਿ ਨਹੀਂ।



*ਤੁਹਾਡੀ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਹਰ ਇੱਕ ਪਰਵਾਰ ਦੀ ਸਥਿਤੀ ਦੇ ਅਧਾਰ ਤੇ ਸਕ੍ਰੀਨਿੰਗ ਕਰਨ ਦੀ ਸਭ ਤੋਂ ਵਧੀਆ ਪਹੁੰਚ ਨਿਰਧਾਰਤ ਕਰੇਗੀ। ਵਿਅਕਤੀਗਤ ਹਾਲਤ ਦੇ ਮੁਤਾਬਿਕ ਸਕ੍ਰੀਨਿੰਗ ਦੇ ਕੁੱਝ ਹੋਰ ਵਿਕਲਪ ਵੀ ਦੱਸੇ ਜਾ ਸਕਦੇ ਹਨ ਜਿਨ੍ਹਾਂ ਵਿਚ ਰੁਟੀਨ ਸਰੀਰਕ ਜਾਂਚ, ਬਲੱਡ ਪ੍ਰੈਸ਼ਰ ਦੀ ਨਿਗਰਾਨੀ ਅਤੇ ਜੈਨੇਟਿਕ ਟੈੱਸਟਿੰਗ ਸ਼ਾਮਲ ਹਨ।*

## ਮੈਂ ਜਾਂ ਮੇਰਾ ਪਰਵਾਰ ਏ.ਡੀ.ਪੀ.ਕੇ. ਡੀ. ਲਈ ਟੈੱਸਟ ਕਿਉਂ ਕਰਵਾਏ?

ਏ.ਡੀ.ਪੀ.ਕੇ.ਡੀ. ਵਾਲਾ ਵਿਅਕਤੀ ਜਾਂ ਏ.ਡੀ.ਪੀ.ਕੇ.ਡੀ. ਵਾਲੇ ਪਰਵਾਰ ਵਿਚੋਂ ਸਭ ਟੈੱਸਟ ਨਹੀਂ ਕਰਵਾਉਂਦੇ। ਤੁਹਾਡੀ ਮਦਦ ਲਈ ਕੁੱਝ ਵਿਚਾਰ ਹਨ ਜੋ ਤੁਹਾਨੂੰ ਇਹ ਫੈਸਲਾ ਕਰਨ ਵਿਚ ਮਦਦ ਕਰ ਸਕਦੇ ਹਨ ਕਿ ਟੈੱਸਟ ਕਰਵਾਉਣਾ ਹੈ ਕਿ ਨਹੀਂ।



ਸਕ੍ਰੀਨਿੰਗ ਅਤੇ ਟੈੱਸਟ ਕਰਵਾਉਣ ਦੇ ਕੁੱਝ ਸਕਾਰਤਮਿਕ ਪਹਿਲੂਆਂ ਵਿਚ ਇਹ ਸ਼ਾਮਲ[1,2] ਹਨ:

- **ਰਾਹਤ ਮਹਿਸੂਸ ਕਰਨਾ।** ਕਈ ਲੋਕ ਰਾਹਤ ਮਹਿਸੂਸ ਕਰਦੇ ਹਨ- ਬੇਸ਼ੱਕ ਉਨ੍ਹਾਂ ਦਾ ਟੈੱਸਟ ਏ.ਡੀ.ਪੀ.ਕੇ.ਡੀ. ਦੀ ਪੁਸ਼ਟੀ ਕਰੇ- ਕੋਈ ਜਵਾਬ ਤਾਂ ਮਿਲਿਆ।
- **ਜੀਵਨਸ਼ੈਲੀ ਦੇ ਬਿਹਤਰ ਵਿਕਲਪ।** ਖ਼ਾਸਕਰ ਬੱਚਿਆਂ ਅਤੇ ਜਵਾਨ ਬਾਲਗਾਂ ਵਿਚ ਇਹ ਪਤਾ ਲੱਗਣਾ ਕਿ ਉਨ੍ਹਾਂ ਨੂੰ ਏ.ਡੀ.ਪੀ.ਕੇ.ਡੀ. ਹੈ ਉਨ੍ਹਾਂ ਦਾ ਸਮੇਂ ਸਿਰ ਇਲਾਜ ਅਤੇ ਦੇਖਭਾਲ ਕੀਤੀ ਜਾ ਸਕਦੀ ਹੈ। ਕੁੱਝ ਲੋਕ ਜਿਨ੍ਹਾਂ ਵਿਚ ਏ.ਡੀ.ਪੀ.ਕੇ.ਡੀ. ਦਾ ਬਾਅਦ ਵਿਚ ਪਤਾ ਲੱਗਦਾ ਹੈ ਉਹ ਬੜਾ ਗੁੱਸਾ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਬਿਮਾਰੀ ਦੇ ਖ਼ਤਰੇ ਦਾ ਪਤਾ ਜ਼ਿੰਦਗੀ ਵਿਚ ਪਹਿਲਾਂ ਕਿਉਂ ਨਹੀਂ ਸੀ। ਮਿਸਾਲ ਲਈ ਖ਼ਤਰੇ ਦਾ ਪਹਿਲਾਂ ਪਤਾ ਹੋਣ ਤੇ ਕੁੱਝ ਨੌਜਵਾਨ ਗੁਰਦਿਆਂ ਅਨੁਕੂਲ ਭੋਜਨ ਲੈਂਦੇ ਅਤੇ ਐਸੀਆਂ ਦਵਾਈਆਂ ਦਾ ਪ੍ਰਹੇਜ਼ ਕਰਦੇ ਜੋ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ (ਜਿਵੇਂ ਕਿ ਨਾਨ-ਸਟ੍ਰੀਆਡਲ ਐਂਟੀ-ਇਨਫ਼ਲੇਮੇਟਰੀ ਦਵਾਈਆਂ) ਅਤੇ ਸ਼ੁਰੂ ਤੋਂ ਹੀ ਬਲੱਡਪ੍ਰੈਸ਼ਰ ਦੀ ਨਿਗਰਾਨੀ ਅਤੇ ਇਲਾਜ ਕਰਦੇ। ਇਨ੍ਹਾਂ ਉਪਾਵਾਂ ਦਾ ਬਿਮਾਰੀ ਦੇ ਵਧਣ ਅਤੇ ਗੁਰਦਿਆਂ ਦੇ ਫ਼ੇਲ੍ਹ ਹੋਣ  ਨੂੰ ਆਹਿਸਤਾ ਕਰਨ ਦੀ ਸਮਰੱਥਾ ਹੈ।
- **ਏ.ਡੀ.ਪੀ.ਕੇ.ਡੀ. ਦੇ ਸ਼ੁਰੂਆਤੀ ਉਪਾ:** ਏ.ਡੀ.ਪੀ.ਕੇ.ਡੀ. ਬਿਮਾਰੀ ਦੇ ਵਾਧੇ ਨੂੰ ਰੋਕਣ ਲਈ ਕੁੱਝ ਉਪਾ ਉਪਲਬਧ ਹਨ, ਜੋ ਬਿਮਾਰੀ ਦੇ ਸ਼ੁਰੂ ਵਿਚ ਜ਼ਿਆਦਾ ਅਸਰਦਾਰ ਹੋ ਸਕਦੇ ਹਨ। ਇਸ ਦੇ ਨਾਲ ਏ.ਡੀ.ਪੀ.ਕੇ.ਡੀ. ਨਾਲ ਸਬੰਧਿਤ ਪੇਚੀਦਗੀਆਂ (ਨਾੜਾਂ ਫੁੱਲਣੀਆਂ) ਨੂੰ ਘੱਟ ਕਰਨ ਦਾ ਇਲਾਜ ਵੀ ਜਲਦੀ ਸ਼ੁਰੂ ਕੀਤਾ ਜਾ ਸਕਦਾ ਹੈ।

- **ਪਰਵਾਰ ਨਿਯੋਜਨ।** ਤੁਹਾਨੂੰ ਏ.ਡੀ.ਪੀ.ਕੇ.ਡੀ. ਹੈ ਕਿ ਨਹੀਂ ਜਾਂ ਏ.ਡੀ.ਪੀ.ਕੇ.ਡੀ. ਦੇ ਜੈਨੇਟਿਕ ਬਦਲ ਦੀ ਪੁਸ਼ਟੀ ਹੋਣ ਨਾਲ ਤੁਹਾਡੇ ਪਰਵਾਰ ਨਿਯੋਜਨ ਦੇ ਫੈਸਲੇ ਤੇ ਅਸਰ ਹੋ ਸਕਦਾ ਹੈ। ਮਿਸਾਲ ਲਈ ਕੁੱਝ ਲੋਕ ਬੱਚੇ ਪੈਦਾ ਨਾ ਕਰਨ ਦੀ ਸੋਚ ਸਕਦੇ ਹਨ ਜਾਂ ਕੁੱਝ ਲੋਕ ਐਸੇ ਖ਼ਾਸ ਮੈਡੀਕਲ ਪਰੋਸੀਜਰਾਂ ਦੀ ਚੋਣ ਕਰ ਸਕਦੇ ਹਨ ਜਿਨ੍ਹਾਂ ਨਾਲ ਬੱਚੇ ਨੂੰ ਏ.ਡੀ.ਪੀ.ਕੇ.ਡੀ. ਹੋਣ ਦੇ ਚਾਂਸ ਘਟ ਜਾਣ (ਪਰਵਾਰ ਨਿਯੋਜਨ ਵਾਲਾ ਸੈਕਸ਼ਨ ਹੇਠਾਂ ਦੇਖੋ)।

- **ਪਰਵਾਰ ਦੇ ਹੋਰ ਮੈਂਬਰਾਂ ਦੀ ਵਿਆਪਕ ਟੈੱਸਟਿੰਗ।** ਜੇ ਤੁਹਾਡਾ ਟੈੱਸਟ ਪਾਜ਼ਿਟਿਵ ਹੈ ਤਾਂ ਇਹ ਪਰਵਾਰ ਦੇ ਦੂਜੇ ਮੈਂਬਰਾਂ ਦੇ ਟੈੱਸਟ ਲਈ ਇਸ਼ਾਰਾ ਕਰਦਾ ਹੈ ਤਾਂ ਕਿ ਜੇ ਉਨ੍ਹਾਂ ਵਿਚ ਏ.ਡੀ.ਪੀ.ਕੇ.ਡੀ. ਹੈ ਤਾਂ ਉਨ੍ਹਾਂ ਬਾਰੇ ਬਿਹਤਰ ਜਾਣਕਾਰੀ ਅਤੇ ਦੇਖਭਾਲ ਹੋ ਸਕੇ।

- **ਜ਼ਿੰਦਾ ਅੰਗ ਦਾਨ ਕਰਨਾ।** ਏ.ਡੀ.ਪੀ.ਕੇ.ਡੀ. ਵਾਲੇ ਪਰਵਾਰਾਂ ਵਿਚ ਜਿਨ੍ਹਾਂ ਨੂੰ ਇਹ ਬਿਮਾਰੀ ਨਹੀਂ ਉਹ ਆਪਣੇ ਪਿਆਰੇ ਮੈਂਬਰ ਲਈ ਜਿਸ ਨੂੰ ਇਹ ਬਿਮਾਰੀ ਹੈ ਉਸ ਨੂੰ ਆਪਣਾ ਗੁਰਦਾ ਦਾਨ ਕਰਨ ਦਾ ਫ਼ੈਸਲਾ ਕਰ ਸਕਦੇ ਹਨ। ਪਰਵਾਰਕ ਮੈਂਬਰਾਂ ਦੀ ਏ.ਡੀ.ਪੀ.ਕੇ.ਡੀ. ਦੀ ਸਕ੍ਰੀਨਿੰਗ ਨਾਲ ਇਹ ਪਹਿਚਾਣ ਕਰਨ ਵਿਚ ਮਦਦ ਮਿਲ ਸਕਦੀ ਹੈ ਕਿ ਦਾਨ ਕਰਨ ਵਾਲੇ ਕਿਸ ਮੈਂਬਰ ਦਾ ਗੁਰਦਾ ਸਿਹਤਮੰਦ ਹੈ।

ਜੇ ਤੁਸੀਂ ਟੈੱਸਟ ਕਰਵਾਉਣ ਦਾ ਫ਼ੈਸਲਾ ਕਰਦੇ ਹੋ ਤਾਂ ਕੁੱਝ ਚੁਣੌਤੀਆਂ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਨ੍ਹਾਂ ਵਿਚ ਇਹ ਸ਼ਾਮਲ[2] ਹੋ ਸਕਦੀਆਂ ਹਨ:

- **ਟੈੱਸਟ ਦੇ ਨਤੀਜੇ ਦਾ ਇੰਤਜ਼ਾਰ।** ਇਹ ਫ਼ਿਕਰ ਜਾਂ ਹੋਰ ਮੁਸ਼ਕਲ ਭਾਵਨਾਵਾਂ ਦਾ ਕਾਰਨ ਬਣ ਸਕਦਾ ਹੈ।
- **ਅਸਪਸ਼ਟ ਨਤੀਜੇ।** ਇਮੇਜਿੰਗ ਅਤੇ ਜੈਨੇਟਿਕ ਟੈੱਸਟਿੰਗ ਦੇ ਨਤੀਜੇ ਕਈ ਵਾਰ ਅਸਪਸ਼ਟ ਹੋ ਸਕਦੇ ਹਨ। ਜਿਸਦਾ ਮਤਲਬ ਹੈ ਕਿ ਟੈੱਸਟ ਦੁਬਾਰਾ ਕਰਨਾ ਪਵੇਗਾ ਜਾਂ ਕੋਈ ਹੋਰ ਵਾਧੂ ਟੈੱਸਟ ਕਰਨਾ ਪਵੇਗਾ। ਕਈ ਲੋਕਾਂ ਲਈ ਅਸਪਸ਼ਟ ਨਤੀਜੇ ਨਾਲ ਕਈ ਸਾਲ ਇੰਤਜ਼ਾਰ ਕਰਨਾ ਪੈ ਸਕਦਾ ਹੈ।
- **ਨਤੀਜੇ ਕਾਰਨ ਗੁੱਸਾ, ਝਟਕਾ ਲੱਗਣਾ ਜਾਂ ਫਿਕਰ ਹੋਣਾ।** ਜੇ ਤੁਹਾਡੇ ਵਿਚ ਏ.ਡੀ.ਪੀ.ਕੇ.ਡੀ. ਦੇ ਕੋਈ ਲੱਛਣ ਨਹੀਂ ਅਤੇ ਟੈੱਸਟ ਦੱਸੇ ਕਿ ਤੁਹਾਨੂੰ ਏ.ਡੀ.ਪੀ.ਕੇ.ਡੀ. ਹੈ ਜਾਂ ਵਿਰਾਸਤ ਵਿਚ ਮਿਲਿਆ ਜੀਨ ਹੈ, ਇਸ ਕਾਰਨ ਕਈ ਕਿਸਮ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਮਿਸਾਲ ਲਈ ਜੇ ਤੁਹਾਨੂੰ ਇਹ ਪਤਾ ਲੱਗੇ ਕਿ ਤੁਸੀਂ ਜ਼ਿੰਦਗੀ ਭਰ ਏ.ਡੀ.ਪੀ.ਕੇ.ਡੀ. ਨਾਲ ਰਹਿਣਾ ਹੈ ਤਾਂ ਇਹ ਜਾਣਕਾਰੀ ਤੁਹਾਡੇ ਮੂਡ ਅਤੇ ਜੀਵਨ ਸ਼ੈਲੀ ਤੇ ਅਸਰ ਕਰ ਸਕਦੀ ਹੈ।
- **ਬੀਮਾ ਕਰਵਾਉਣਾ।** ਬੀਮਾ ਪ੍ਰਾਪਤ ਕਰਨ ਦੇ ਯੋਗ ਨਾ ਹੋਣ ਦੀ ਚਿੰਤਾ, ਚਾਹੇ ਇਹ ਜੀਵਨ ਬੀਮਾ ਹੈ, ਯਾਤਰਾ ਬੀਮਾ ਹੈ ਵਗੈਰਾ ਕਾਰਨ ਕਈ ਲੋਕ ਟੈੱਸਟ ਕਰਵਾਉਣ ਤੋਂ ਝਿਜਕਦੇ ਹਨ। ਇਸਦਾ ਜਲਦੀ ਪਤਾ ਲੱਗਣਾ ਕਿ ਤੁਹਾਨੂੰ ਏ.ਡੀ.ਪੀ.ਕੇ.ਡੀ. ਹੈ ਦੇ ਕਈ ਫ਼ਾਇਦੇ ਹਨ ਅਤੇ ਗੁਰਦਿਆਂ ਦੇ ਵਿਸ਼ੇਸ਼ੱਗ ਵੱਲੋਂ ਨਿਗਰਾਨੀ ਸ਼ੁਰੂ ਹੋ ਜਾਏਗੀ। ਬੀਮੇ ਦੇ ਵਿਕਲਪਾਂ ਬਾਰੇ ਬੀਮਾ ਏਜੰਟ ਨਾਲ ਵਿਅਕਤੀਗਤ ਮੁਲਾਂਕਣ ਬਾਰੇ ਵਿਚਾਰ ਵਟਾਂਦਰਾ ਕਰੋ।

ਜਦਕਿ ਏ.ਡੀ.ਪੀ.ਕੇ.ਡੀ. ਸਕ੍ਰੀਨਿੰਗ ਨਾਲ ਸਬੰਧਿਤ ਦੋਵੇਂ ਫਾਇਦੇ ਅਤੇ ਨੁਕਸਾਨ ਵਾਲੇ ਪੱਖ ਮੌਜੂਦ ਹਨ, ਕਈ ਸਿਹਤ ਸੰਭਾਲ ਕਰਨ ਵਾਲੇ ਮਾਹਿਰ ਤੁਹਾਨੂੰ ਸਲਾਹ ਦੇਣਗੇ ਕਿ ਇਲਾਜ ਦੀ ਉਪਲਬਧਤਾ ਅਤੇ ਸ਼ੁਰੂਆਤੀ ਪ੍ਰਬੰਧ ਕਾਰਨ ਸਕ੍ਰੀਨਿੰਗ ਦੇ ਫ਼ਾਇਦੇ ਏ.ਡੀ.ਪੀ.ਕੇ.ਡੀ. ਦੀਆਂ ਚੁਣੌਤੀਆਂ ਨਾਲੋਂ ਬਹੁਤ ਵੱਧ ਹਨ। ਇਹ ਖ਼ਾਸਕਰ ਸੱਚ ਹੈ ਕਿ ਏ.ਡੀ.ਪੀ.ਕੇ.ਡੀ. ਦੇ ਪ੍ਰਬੰਧ ਵਿਚ ਲਗਾਤਾਰ ਹੋ ਰਹੀ ਪ੍ਰਗਤੀ ਕਾਰਨ ਦੇਖਭਾਲ ਹੇਠ ਮਰੀਜ਼ਾਂ ਦੀ ਜ਼ਿੰਦਗੀ ਦੇ ਸਤਰ ਵਿਚ ਸੁਧਾਰ ਹੋ ਰਿਹਾ ਹੈ। ਆਪਣੇ ਫੈਸਲੇ ਦੇ ਸਮਰਥਨ ਵਾਸਤੇ ਹੋਰ ਜਾਣਕਾਰੀ  ਲਈ ਤੁਸੀਂ  ਆਪਣੇ ਡਾਕਟਰ ਜਾਂ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਨਾਲ ਵਿਚਾਰ ਵਟਾਂਦਰਾ ਕਰ ਸਕਦੇ ਹੋ।

## ਜੇ ਮੈਂ ਏ.ਡੀ.ਪੀ.ਕੇ.ਡੀ. ਪਾਜ਼ਿਟਿਵ ਹਾਂ ਤਾਂ ਕੀ ਹੋਵੇਗਾ?

ਜਿਨ੍ਹਾਂ ਲੋਕਾਂ ਨੂੰ ਆਪਣੇ ਏ.ਡੀ.ਪੀ.ਕੇ.ਡੀ. ਦੀ ਪਹਿਚਾਣ ਜਾਂ ਏ.ਡੀ.ਪੀ.ਕੇ.ਡੀ. ਬਾਰੇ ਉਨ੍ਹਾਂ ਦੀ ਜੈਨੇਟਿਕ ਸੰਵੇਦਨਸ਼ੀਲਤਾ ਬਾਰੇ ਜਾਗਰੂਕ ਨਹੀਂ, ਉਨ੍ਹਾਂ ਵਿਚ ਇਸ ਬਿਮਾਰੀ ਦੀ ਪੁਸ਼ਟੀ ਕਈ ਕਿਸਮ ਦੀਆਂ ਭਾਵਨਾਵਾਂ ਪੈਦਾ ਕਰ ਸਕਦੀ ਹੈ। ਇਸ ਖ਼ਬਰ ਤੇ ਪ੍ਰਤਿਕ੍ਰਿਆ ਕਰਨ ਦਾ ਕੋਈ ਠੀਕ ਜਾਂ ਗਲਤ ਤਰੀਕਾ ਨਹੀਂ।

ਇਸ ਸਮੇਂ ਵਿਚ ਕੁੱਝ ਚੀਜ਼ਾਂ ਮਦਦ ਕਰ ਸਕਦੀਆਂ ਹਨ ਉਨ੍ਹਾਂ ਵਿਚ ਇਹ ਸ਼ਾਮਲ ਹਨ:

- ਆਪਣੇ ਨਤੀਜਿਆਂ ਬਾਰੇ ਭਰੋਸੇਯੋਗ ਦੋਸਤ ਜਾਂ ਪਰਵਾਰਕ ਮੈਂਬਰ ਨਾਲ ਗੱਲ ਕਰੋ
- ਆਪਣੀ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਜਾਂ ਜੈਨੇਟਿਕ ਕੌਂਸਲਰ ਕੋਲੋਂ ਏ.ਡੀ.ਪੀ.ਕੇ.ਡੀ. ਬਾਰੇ ਹੋਰ ਜਾਣਕਾਰੀ ਲਵੋ
- PKD Foundation of Canada ਅਤੇ ਹੋਰ ਐਸੀਆਂ ਸੰਸਥਾਵਾਂ ਤੋਂ ਮਦਦ ਦਾ ਪਤਾ ਕਰੋ
- ਇਹ ਜਾਣਦਿਆਂ ਕਿ ਆਪਣੇ ਟੈੱਸਟ ਦੇ ਨਤੀਜਿਆਂ ਤੋਂ ਬਾਅਦ ਤੁਸੀਂ ਆਪਣੀ ਸਿਹਤ ਦੀ ਚੰਗੀ ਤਰ੍ਹਾਂ ਨਿਗਰਾਨੀ ਕਰ ਸਕੋਗੇ ਅਤੇ ਜ਼ਰੂਰਤ ਅਨੁਸਾਰ ਸਮੇਂ ਸਿਰ ਦੇਖਭਾਲ ਦੀ ਸਹਾਇਤਾ ਮਿਲ ਸਕੇਗੀ।

ਏ.ਡੀ.ਪੀ.ਕੇ.ਡੀ. ਬਿਮਾਰੀ ਹਰ ਇੱਕ ਵਿਅਕਤੀ ਨੂੰ ਤੀਬਰਤਾ ਅਤੇ ਫੈਲਣ ਵਿਚ ਵੱਖਰੇ ਤਰੀਕੇ ਅਸਰ ਕਰਦੀ ਹੈ। ਇਸ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਤੁਸੀਂ ਸਾਡੀਆਂ ਵੈੱਬਸਾਈਟਾਂ ਜੋ ਏ.ਡੀ.ਪੀ.ਕੇ.ਡੀ. ਬਾਰੇ ਜਨਰਲ ਜਾਣਕਾਰੀ ਦਿੰਦੀਆਂ ਹਨ ਇੱਥੇ ਦੇਖੋ: BCRenal.ca ▶ Health Info▶ Kidney Care ▶ Polycystic Kidney Disease

ਏ.ਡੀ.ਪੀ.ਕੇ.ਡੀ. ਵਾਲੇ ਹਰ ਇੱਕ ਵਿਅਕਤੀ ਨੂੰ ਗੁਰਦਿਆਂ ਦੇ ਵਿਸ਼ੇਸ਼ੱਗ (nephrologist) ਨੂੰ ਮਿਲਣਾ ਚਾਹੀਦਾ ਹੈ। ਜੇ ਤੁਹਾਡਾ ਗੁਰਦਿਆਂ ਦਾ ਵਿਸ਼ੇਸ਼ੱਗ ਨਹੀਂ ਤਾਂ ਆਪਣੇ ਡਾਕਟਰ ਨੂੰ ਰੈਫਰਲ ਲਈ ਕਹੋ। ਗੁਰਦਿਆਂ ਦੇ ਵਿਸ਼ੇਸ਼ੱਗ ਅਤੇ ਗੁਰਦਿਆਂ ਦੀ ਦੇਖਭਾਲ ਕਰਨ ਵਾਲੀ ਟੀਮ ਦੇ ਹੋਰ ਮੈਂਬਰਾਂ ਨਾਲ ਗੱਲ ਬਾਤ ਕਰੋ ਅਤੇ ਇਸ ਸਮੇਂ ਦੌਰਾਨ ਤੁਹਾਨੂੰ ਏ.ਡੀ.ਪੀ.ਕੇ.ਡੀ. ਨੂੰ ਬਿਹਤਰ ਸਮਝਣ ਅਤੇ ਆਪਣੇ ਪਰਵਾਰਕ ਮੈਂਬਰਾਂ ਨਾਲ ਇਸ ਨਵੀਂ ਜਾਣਕਾਰੀ ਬਾਰੇ ਗੱਲ ਬਾਤ ਕਰਨ ਵਿਚ ਮਦਦ ਮਿਲੇਗੀ। ਜੇ ਟੈੱਸਟ ਤੋਂ ਪੁਸ਼ਟੀ ਹੋਵੇ ਕਿ ਤੁਹਾਨੂੰ ਏ.ਡੀ.ਪੀ.ਕੇ.ਡੀ. ਹੈ ਤਾਂ ਤੁਹਾਡੇ ਪਰਵਾਰਕ ਮੈਂਬਰ ਵੀ ਸਹਾਇਤਾ ਦੀ ਮੰਗ ਕਰ ਸਕਦੇ ਹਨ।

## ਪਰਵਾਰ ਨਿਯੋਜਨ



ਤੁਹਾਨੂੰ ਜਾਂ ਤੁਹਾਡੇ ਪਰਵਾਰਕ ਮੈਂਬਰ ਨੂੰ ਏ.ਡੀ.ਪੀ.ਕੇ.ਡੀ. ਹੋਣ ਦੀ ਜਾਣਕਾਰੀ ਦਾ ਪਤਾ ਲੱਗਣ ਤੇ ਬੱਚੇ ਪੈਦਾ ਕਰਨ ਦੇ ਤੁਹਾਡੇ ਫ਼ੈਸਲੇ ਤੇ ਅਸਰ ਪੈ ਸਕਦਾ ਹੈ। ਤੁਸੀਂ ਸਾਡੀ ਗਰਭ ਅਤੇ ਪਰਵਾਰ ਨਿਯੋਜਨ ਦੇ ਸਰੋਤਾਂ ਤੋਂ ਇਸ ਵਿਕਲਪ ਬਾਰੇ ਹੋਰ ਜ਼ਿਆਦਾ ਜਾਣਕਾਰੀ ਲੈ ਸਕਦੇ ਹੋ: BCRenal.ca ▶ Health Info ▶ Kidney Care ▶ Polycystic Kidney Disease ▶ Managing my ADPKD

ਤੁਹਾਡੀ ਗੁਰਦਿਆਂ ਦੀ ਸਾਂਭ ਸੰਭਾਲ ਕਰਨ ਵਾਲੀ ਟੀਮ ਦੇ ਨਾਲ ਜੈਨੇਟਿਕ ਕੌਂਸਲਰ ਵੀ ਆਪਣੇ ਵੱਲੋਂ ਜਾਣਕਾਰੀ ਦੇ ਕੇ ਤੁਹਾਡੇ ਪਰਵਾਰ ਨਿਯੋਜਨ ਦੇ ਫ਼ੈਸਲਿਆਂ ਦੀ ਮਦਦ ਕਰ ਸਕਦਾ ਹੈ।

## ਸਰੋਤ

1. ਪੀ.ਕੇ.ਡੀ. ਚੈਰਿਟੀ (ਫਖਧ ਛਹਓਰਟਿ). ਏ.ਡੀ.ਪੀ.ਕੇ.ਡੀ. ਬਾਰੇ ਜੈਨੇਟਿਕ ਕੌਂਸਲਿੰਗ ਅਤੇ ਜੈਨੇਟਿਕ ਟੈੱਸਟਿੰਗ https://www.pkdcharity.org.uk/about-adpkd/just-diagnosed/genetic-counselling-and-genetic-testing-in-adpkd

2. ਏ.ਡੀ.ਪੀ.ਕੇ.ਡੀ. ਬਾਰੇ ਇੱਕ ਮਰੀਜ਼ ਦਾ ਦ੍ਰਿਸ਼ਟੀਕੋਣ, ਬਾਲਗ ਆਟੋਸੋਮਲ ਪ੍ਰਭਾਵਿਤ ਪੌਲੀਸਿਸਟਕ ਕਿਡਨੀ ਦੀ ਬਿਮਾਰੀ ਦੇ ਮਰੀਜ਼ਾਂ ਨੂੰ, ਖ਼ਾਸ ਕਰ ਬਿਮਾਰੀ ਦੇ ਸ਼ੁਰੂਆਤ ਵਿਚ, ਜੈਨੇਟਿਕ ਜਾਣਕਾਰੀ ਬਾਰੇ ਸੰਪੂਰਨ ਘਾਟ, ਨੁਕਸਾਨ ਪਹੁੰਚਾ ਸਕਦੀ ਹੈ। https://cjasn.asnjournals.org/content/early/2020/08/14/CJN.14051119

ਇਸ ਸਰੋਤ ਨੂੰ ਪੀ.ਕੇ.ਡੀ. ਫ਼ਾਊਂਡੇਸ਼ਨ ਕੈਨੇਡਾ ਨੇ ਕਿਡਨੀ ਫ਼ਾਊਂਡੇਸ਼ਨ ਬੀ.ਸੀ. ਅਤੇ ਯੂਕੋਨ ਬ੍ਰਾਂਚ ਦੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ।

kidney FOUNDATION™ PKD FOUNDATION OF CANADA